ਮਿੱਠੇ ਬੱਚੇ:- "ਮਿੱਠੇ ਬੱਚੇ :- ਪ੍ਰਤਿਗਿਆ ਕਰੋ - ਜਦੋਂ ਤੱਕ ਸਤਿਯੁਗੀ ਸਵਰਾਜ ਸਥਾਪਨ ਨਹੀਂ ਹੋਇਆ ਹੈ ਉਦੋਂ ਤੱਕ ਸੁਖ ਦੀ ਨੀਂਦ ਨਹੀਂ ਸੋਵੋਗੇ, ਪਵਿੱਤਰ ਬਣਕੇ ਸਭਨੂੰ ਪਵਿੱਤਰ ਬਣਾਓਗੇ"

ਪ੍ਰਸ਼ਨ:- ਡਰਾਮੇ ਵਿੱਚ ਕਿਹੜਾ ਮੌਤ ਹੋਣਾ ਵੀ ਜਿਵੇਂ ਸੰਗਮਯੁਗ ਦੀ ਰਸਮ ਹੈ?

ਉੱਤਰ:- ਵਿਜੇ ਮਾਲਾ ਵਿੱਚ ਆਉਣ ਦਾ ਪੁਰਸ਼ਾਰਥ ਕਰਨ ਵਾਲੇ ਚੰਗੇ - ਚੰਗੇ ਬੱਚੇ ਵੀ ਆਸਚਰਿਯਵਤ ਸੁੰਨਤੀ, ਕਥੰਤੀ ਫਿਰ ਭਗੰਤੀ ਬਣ ਜਾਂਦੇ ਹਨ ਮਤਲਬ ਮਰ ਜਾਂਦੇ ਹਨ। ਅਜਿਹੀ ਮੋਤ ਵੀ ਸੰਗਮਯੁਗ ਦੀ ਜਿਵੇਂ ਰਸਮ ਬਣ ਗਈ ਹੈ। ਸ਼੍ਰੀਮਤ ਤੇ ਨਾ ਚੱਲਣ ਨਾਲ ਮਾਇਆ ਹਰਾ ਦਿੰਦੀ ਹੈ। ਬਾਪ ਦਾ ਬਣਕੇ ਹੱਥ ਛੱਡਿਆ ਤੇ ਗੋਇਆ ਮਰ ਗਿਆ। ਤਕਦੀਰ ਤੇ ਲਕੀਰ ਲੱਗ ਜਾਂਦੀ ਹੈ।

ਗੀਤ:- ਦਰ ਤੇ ਆਏ ਹੈਂ ਕਸਮ ਲੈ ਕੇ...

ਓਮ ਸ਼ਾਂਤੀ। ਮਿੱਠੇ - ਮਿੱਠੇ ਜਿਉਂਦੇ ਜੀ ਮਰਨ ਵਾਲਿਆਂ ਬੱਚਿਆਂ ਨੇ ਇਹ ਗੀਤ ਸੁਣਿਆ ਜੋ ਜਿਉਂਦੇ ਜੀ ਕੁਰਬਾਨ ਗਏ ਹਨ। ਸਭ ਤਾਂ ਕੁਰਬਾਨ ਨਹੀਂ ਗਏ ਹਨ। ਨੰਬਰਵਾਰ ਪੁਰਸ਼ਾਰਥ ਅਨੁਸਾਰ ਜਿਉਂਦੇ ਜੀ ਮਰਦੇ ਹਨ। ਜਦੋਂ ਕੋਈ ਗੋਦ ਵਿੱਚ ਲੈਂਦੇ ਹਨ ਜਾਂ ਏਡਾਪਡ ਕਰਦੇ ਹਨ ਤਾਂ ਇੱਕ ਪਰਿਵਾਰ ਨੂੰ ਛੱਡਕੇ ਦੂਸਰੇ ਪਰਿਵਾਰ ਦਾ ਬਣਦੇ ਹਨ। ਬੱਚੇ ਜਾਣਦੇ ਹਨ ਅਸੀਂ ਆਸੁਰੀ ਪਰਿਵਾਰ ਤੋਂ ਮਰਕੇ ਹੁਣ ਈਸ਼ਵਰੀ ਪਰਿਵਾਰ ਦੇ ਬਣੇ ਹਾਂ। ਈਸ਼ਵਰ ਨੇ ਆਕੇ ਗੋਦ ਵਿੱਚ ਲੀਤਾ ਹੈ। ਅਗਿਆਨਕਾਲ ਵਿੱਚ ਕੋਈ ਈਸ਼ਵਰ ਦੀ ਗੋਦ ਨਹੀਂ ਲੈਂਦੇ ਹਨ। ਧਰਮ ਦੇ ਗੁਰੂ ਦੀ ਗੋੜਲੇਂਦੇ ਹਨ। ਜਿਵੇਂ ਵੱਲਭਚਾਰੀ ਸ਼੍ਰੀਕ੍ਰਿਸ਼ਨ ਦੇ ਮੰਦਿਰ ਵਿੱਚ ਬੱਚਿਆਂ ਨੂੰ ਸ਼੍ਰੀਕ੍ਰਿਸ਼ਨ ਦੀ ਗੋਦ ਵਿੱਚ ਦਿੰਦੇ ਹਨ। ਪਰ ਉਹ ਤਾਂ ਜੜ ਚਿੱਤਰ ਹਨ ਇਸਲਈ ਫਿਰ ਬ੍ਰਾਹਮਣ ਪੁਜਾਰੀ ਗੋਦ ਵਿੱਚ ਲੈ ਲੈਂਦੇ ਹਨ - ਵੈਸ਼ਣਵ ਬਨਾਉਣ ਦੇ ਲਈ। ਇਵੇਂ ਗੋਦ ਵਿੱਚ ਤਾਂ ਬਹੁਤ ਲੈਂਦੇ ਹਨ। ਬੱਚੇ ਜਾਣਦੇ ਹਨ - ਬਰੋਬਰ ਉਹਨਾਂ ਦੀ ਗੋਦ ਲੈਂਦੇ ਹਨ ਜੋ ਹੋਕੇ ਗਏ ਹਨ। ਕੋਈ ਕ੍ਰਾਇਸਟ ਦੀ ਗੋਦ ਲੈਂਦੇ, ਕੋਈ ਇਬ੍ਰਾਹਿਮ ਦੀ ਗੋਦ ਲੈਂਦੇ। ਕਦੋਂ ਹੋਕੇ ਗਏ ਹਨ, ਉਹ ਫਿਰ ਕਦੋਂ ਆਉਣਗੇ - ਇਹ ਸਿਰਫ ਤੁਸੀਂ ਬੱਚੇ ਹੀ ਜਾਣਦੇ ਹੋ। ਹੁਣ ਤੁਸੀਂ ਜਿਉਂਦੇ ਜੀ ਮਰੇ ਹੋ। ਤੁਹਾਨੂੰ ਇੱਕ ਬਾਪ ਦੀ ਯਾਦ ਵਿੱਚ ਰਹਿਣਾ ਹੈ। ਲੋਕਿਕ ਬਾਪ ਦੇ ਬੱਚੇ ਗੋਦ ਵਿੱਚ ਆਉਂਦੇ ਹਨ, ਬਾਪ ਮਰ ਜਾਂਦਾ ਹੈ, ਬਾਕੀ ਬੱਚੇ ਰਹਿ ਜਾਂਦੇ ਹਨ। ਇੱਥੇ ਤੁਸੀਂ ਅਜਿਹੇ ਬਾਪ ਦੀ ਗੋਦ ਵਿੱਚ ਆਏ ਹੋ ਜੋ ਬਾਪ ਤੁਹਾਨੂੰ ਇਸ ਮ੍ਰਿਤੂਲੋਕ ਤੋਂ ਅਮਰਲੋਕ ਵਿੱਚ ਮਤਲਬ ਦੁਰਗਤੀ ਤੋਂ ਸਦਗਤੀ ਵਿੱਚ ਲੈ ਜਾਣ ਵਾਲਾ ਹੈ। ਮਨੁੱਖ ਮਾਤਰ ਸਦਗਤੀ ਦਾਤਾ ਇੱਕ ਹੀ ਹੈ। ਇਵੇਂ ਨਹੀਂ ਕਿ ਸਦਗਤੀ ਸਿਰਫ਼ ਤੁਹਾਨੂੰ ਹੀ ਮਿਲਦੀ ਹੈ। ਸਦਗਤੀ ਤਾਂ ਸਭਨੂੰ ਜਰੂਰ ਮਿਲਦੀ ਹੈ ਪਰ ਡਰਾਮੇ ਅਨੁਸਾਰ ਕਿਸੇ ਨੂੰ ਸਤੋਪ੍ਰਧਾਨ, ਕਿਸੇਨੂੰ ਸਤੋ, ਕਿਸਨੂੰ ਰਜੋ, ਤਮੋਂ ਸਦਗਤੀ ਮਿਲਦੀ ਹੈ। ਭਾਵੇਂ ਤਮੋ ਵਿੱਚ ਆਉਂਦੇ ਹਨ ਤਾਂ ਵੀ ਪਹਿਲੇ ਆਉਣ ਨਾਲ ਦੁੱਖ ਨਹੀਂ ਭੋਗਦੇ। ਪਹਿਲੇ ਸੁਖ ਜਰੂਰ ਭੋਗਣਾ ਹੈ। ਅੰਤ ਵਿੱਚ ਤੇ ਸਭ ਦੁੱਖ ਭੋਗਦੇ ਹਨ।

ਬਾਪ ਕਹਿੰਦੇ ਹਨ ਸਦਗਤੀ ਦਾਤਾ ਪਤਿਤ - ਪਾਵਨ ਮੈਂ ਹੀ ਹਾਂ। ਪਹਿਲੇ - ਪਹਿਲੇ ਜੋ ਆਤਮਾਵਾਂ ਆਉਦੀਆਂ ਹਨ ਉਹ ਸੁਖ ਭੋਗਦੀਆਂ ਹਨ ਫਿਰ ਦੁੱਖ ਵਿੱਚ ਆਉਦੀਆਂ ਹਨ। ਤੁਸੀਂ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਪਹਿਲੇ ਸਤੋਪ੍ਰਧਾਨ ਫਿਰ ਸਤੋ, ਰਜੋ, ਤਮੋਂ ਵਿੱਚ ਆਉਂਦੇ ਹੋ। ਤੁਸੀਂ ਵੀ ਨੰਬਰਵਾਰ ਸਦਗਤੀ ਨੂੰ ਪਾਉਂਦੇ ਹੋ। ਮੁਖ 8 ਦਾਣੇ ਗਿਣੇ ਜਾਂਦੇ ਹਨ ਨਾ। ਹੁਣ ਤੁਸੀਂ ਸਭ ਦ੍ਰੋਪਦੀਆਂ ਹੋ। ਬਾਪ ਦੇ ਬਣੇ ਹੋ ਤਾਂ ਬਾਪ ਨੂੰ ਕਦੀ ਛੱਡਣਾ ਨਹੀਂ ਹੈ। ਪਰ ਸ਼੍ਰੀਮਤ ਤੇ ਯਾਦ ਨਹੀਂ ਕਰਦੇ ਤਾਂ ਫਿਰ ਮਾਇਆ ਹੱਥ ਛੁਡਾ ਦਿੰਦੀ ਹੈ। ਗੋਦ ਤੇ ਲੀਤੀ ਹੈ, ਸ਼ੁਰੂ ਵਿੱਚ ਚੱਲਦੇ ਆਏ। ਚੰਗੇ - ਚੰਗੇ ਬੜੇ ਮਿੱਠੇ ਬੱਚੇ ਜਿਨ੍ਹਾਂ ਨੂੰ ਵਿਜੇ ਮਾਲਾ ਵਿੱਚ ਤਿੰਨ - ਚਾਰ ਨੰਬਰ ਤੇ ਰੱਖਦੇ ਸੀ ਉਹ ਵੀ ਆਸਚਰਿਯਵਤ ਭਗੰਤੀ ਹੋ ਗਏ। ਇਹ ਵੀ ਇਸ ਸੰਗਮਯੁਗ ਦੀ ਰਸਮ - ਰਿਵਾਜ਼ ਹੈ। ਆਸਚਾਰਯਵਤ ਸੁੰਨਤੀ, ਕਥੰਤੀ, ਮਰਨੰਤੀ - ਇਹ ਹੁੰਦਾ ਰਹੇਗਾ। ਕਹਿਣਗੇ ਡਰਾਮੇ ਵਿੱਚ ਇਹਨਾਂ ਦਾ ਇਹ ਮੌਤ ਸੀ। ਬਾਪ ਦਾ ਬਣਕੇ ਫਿਰ ਹੱਥ ਛੱਡਿਆ ਤਾਂ ਗੋਇਆ ਮਰ ਗਿਆ। ਹੈ ਤਾਂ ਭਾਵੇਂ ਇਸ ਦੁਨੀਆਂ ਵਿੱਚ ਪਰ ਜਿਉਂਦੇ ਜੀ ਇਥੋਂ ਤੋਂ ਨਿਕਲਕੇ ਆਸੁਰੀ ਦੁਨੀਆਂ ਵਿੱਚ ਚਲਾ ਗਿਆ। ਕੋਈ ਕਾਰਨ ਤਾਂ ਬਣਦਾ ਹੈ ਨਾ। ਭਾਵੇਂ ਕਹਿਣਗੇ ਡਰਾਮਾ! ਪਰ ਸ਼੍ਰੀਮਤ ਤੇ ਨਾ ਚੱਲਣ ਨਾਲ ਮਾਇਆ ਤੋਂ ਹਾਰ ਖਾ ਲੈਂਦੇ ਹਨ। ਤਕਦੀਰ ਤੇ ਲਕੀਰ ਲਗ ਜਾਂਦੀ ਹੈ। ਈਸ਼ਵਰ ਦਾ ਬਣਨ ਨਾਲ ਫਿਰ ਹੁੰਦੀ ਹੈ ਮਾਇਆ ਨਾਲ ਲੜਾਈ। ਬਾਕੀ ਦੇਵਤੇ ਅਤੇ ਅਸੁਰਾਂ ਦੀ ਲੜਾਈ ਨਹੀਂ ਹੁੰਦੀ ਹੈ। ਮਾਇਆ ਅਸੁਰ ਹੈ ਜੋ ਜਿੱਤ ਪਾ ਲੈਂਦੀ ਹੈ।

ਅੱਛਾ, ਹੁਣ ਬੱਚੇ ਲਿਖਦੇ ਹਨ ਕਿ ਰਾਖੀ ਬੰਧੰਨ ਦੇ ਤਿਉਹਾਰ ਤੇ ਕੀ ਕਰੀਏ? ਹਰ ਤਿਉਹਾਰ ਤੇ ਤਿਆਰੀਆਂ ਤੇ ਕਰਦੇ ਹਨ ਨਾ। ਰਖਸ਼ਾਬੰਧੰਨ ਪਰਵ ਦੇ ਉਪਲਕਸ਼ ਵਿੱਚ ਇਨਐਡਵਾਂਸ ਰਾਖੀ ਬੰਨ੍ਹਦੇ ਸਨ। ਹੁਣ ਇਹ ਰਹੱਸ ਵੀ ਬੁੱਧੀ ਵਿੱਚ ਹੋਣਾ ਚਾਹੀਦਾ ਹੈ ਪਹਿਲੇ ਤਾਂ ਬ੍ਰਾਹਮਣ - ਬ੍ਰਹਮਨਿਆਂ ਰੱਖੜੀ ਬੰਨਦੇ ਸਨ। ਹੁਣ ਇਹ ਰਿਵਾਜ ਨਿਕਲਿਆ ਹੈ ਕਿ ਭੈਣ ਭਰਾ ਨੂੰ ਰੱਖੜੀ ਬੰਨਦੀ ਹੈ। ਅਸਲ ਵਿੱਚ ਬ੍ਰਾਹਮਣ ਰੱਖੜੀ ਬੰਨਦੇ ਸਨ ਕਿਉਂਕਿ ਬ੍ਰਾਹਮਣ ਜਾਤੀ ਉੱਚ, ਸਵੱਛ ਗਾਈ ਹੋਈ ਹੈ। ਬ੍ਰਾਹਮਣ ਅਸਲ ਸੰਨਿਆਸੀਆਂ ਤੋਂ ਵੀ ਉੱਚ ਹਨ। ਪ੍ਰੰਤੂ ਡਰਾਮੇ ਅਨੁਸਾਰ ਇਸ ਸਮੇਂ ਸੰਨਿਆਸੀ ਉੱਚ ਬਣ ਗਏ ਹਨ। ਪਹਿਲੇ ਬ੍ਰਾਹਮਣ ਰੱਖੜੀ ਬੰਨਦੇ ਸਨ। ਫਿਰ

ਜਨਮਅਸ਼ਟਮੀ ਤੇ ਉਹ ਰੱਖੜੀ ਖੋਲ੍ਹਦੇ ਸਨ। ਜਿਵੇਂ ਦ੍ਰੋਪਦੀ ਦੇ ਲਈ ਕਹਿੰਦੇ ਹਨ ਕਿ ਜਟਾਵਾਂ ਖੋਲ ਦਿੱਤੀਆਂ ਸੀ। ਰਿਸ਼ੀ ਲੋਕਾਂ ਦੀਆਂ ਜਟਾਵਾਂ ਵੀ ਹਮੇਸ਼ਾਂ ਖੁੱਲ੍ਹੀਆਂ ਰਹਿੰਦੀਆਂ ਹਨ। ਪਤਿਵਰਤਾ ਇਸਤਰੀ ਹੁੰਦੀ ਹੈ ਤਾਂ ਚੋਟੀ ਬੰਨਦੀ ਹੈ। ਦਰੋਪਦੀ ਨੇ ਖੋਲ੍ਹ ਦਿੱਤਾ ਸੀ ਕਿ ਜਦੋਂ ਤੱਕ ਆਪਣਾ ਰਾਜ ਨਹੀਂ ਲਵਾਂਗੇ ਉਦੋਂ ਤੱਕ ਚੋਟੀ ਨਹੀਂ ਕਰਾਂਗੇ। ਹੁਣ ਤੁਹਾਨੂੰ ਬੱਚਿਆਂ ਨੂੰ ਸਿਰਫ਼ ਅਰਥ ਸਮਝਾਇਆ ਜਾਂਦਾ ਹੈ। ਜਦੋਂ ਤੱਕ ਅਸੀਂ ਸਵਰਾਜ ਨਹੀਂ ਲਵਾਂਗੇ ਉਦੋਂ ਤੱਕ ਸੁਖ ਨਾਲ ਸੋਵਾਂਗੇ ਨਹੀਂ। ਗਾਉਂਦੇ ਵੀ ਹਨ - ਆਰਾਮ ਹਰਾਮ ਹੈ। ਅੰਦਰ ਵਿੱਚ ਇਹ ਜੋਸ਼ ਰਹਿੰਦਾ ਹੈ ਕਿ ਜਦੋਂ ਤੱਕ ਸਵਰਾਜ ਨਹੀਂ ਲਿਆ ਹੈ ਉਦੋਂ ਤੱਕ ਸੁਖ ਕਿੱਥੇ? ਸੁਖ ਤੇ ਭਵਿੱਖ ਵਿੱਚ ਪਾਉਣਾ ਹੈ, ਇਸਦੇ ਲਈ ਪੁਰਸ਼ਾਰਥ ਹੁਣ ਕਰਨਾ ਹੈ। ਹੁਣ ਤੁਸੀਂ ਜਾਣਦੇ ਹੋ ਰਕਸ਼ਾ ਬੰਧਨ ਮਤਲਬ ਪਵਿੱਤਰ ਰਹਿਣ ਦੇ ਲਈ ਅਸੀਂ ਪ੍ਰਤਿਗਿਆ ਕਰਦੇ ਹਾਂ। ਰਾਖੀ ਮਤਲਬ ਪ੍ਰਤਿਗਿਆ ਦੀ ਗੱਲ। ਹੁਣ ਇਹ ਤਿਉਹਾਰ ਕਦੋ ਸ਼ੁਰੂ ਹੋਏ? ਕਿਉਂ ਸ਼ੁਰੂ ਹੋਏ? ਕੌਣ ਨਿਕਲਿਆ ਜਿਸ ਨੇ ਰਾਖੀ ਬੰਨ੍ਹਣ ਦੀ ਰਾਏ ਨਿਕਾਲੀ? ਕੋਈ ਇੱਕ ਰਾਏ ਕੱਢਦੇ ਹਨ ਫਿਰ ਉਸਦਾ ਨਾਮ ਬਾਲਾ ਹੋ ਜਾਂਦਾ ਹੈ। ਤਾਂ ਇਹ ਪਵਿੱਤਰਤਾ ਦੀ ਨਿਸ਼ਾਨੀ ਹੈ। ਭੈਣ ਤਾਂ ਹੋਈ ਕੁਮਾਰੀ। ਕੁਮਾਰੀਆਂ ਬੰਨਦੀਆਂ ਹਨ। ਤੁਸੀਂ ਗ੍ਰਿਹਸਤੀ ਨੂੰ ਵੀ ਜਾਕੇ ਬੰਨਦੀਆਂ ਹੋ। ਕੁਮਾਰ ਤੇ ਹੈ ਹੀ ਕੁਮਾਰ। ਭੈਣ ਭਰਾ ਨੂੰ ਬੰਨਦੀ ਹੈ, ਕੁਮਾਰ ਹੋਵੇ ਜਾਂ ਵਿਆਹ ਕੀਤਾ ਹੋਇਆ ਹੋਵੇ। ਵਿਆਹ ਕੀਤਾ ਹੋਇਆ ਫਿਰ ਪਵਿੱਤਰ ਰਹੇ ਇਹ ਬੜੀ ਮੁਸ਼ਕਿਲ ਹੈ। ਭਗਵਾਨ ਕਹਿੰਦੇ ਹਨ ਕਿ ਇਹ ਅੰਤਿਮ ਜਨਮ ਪਵਿੱਤਰ ਬਣੋ ਤਾਂ ਵੀ ਨਹੀਂ ਬਣਦੇ ਹਨ। ਤਾਂ ਭੈਣ ਭਰਾ ਦਵਾਰਾ ਕੁਮਾਰ ਭਰਾ ਨੂੰ ਰਾਖੀ ਬੰਨਣੀ ਚਾਹੀਦੀ ਹੈ ਕਿ ਪ੍ਰਤਿਗਿਆ ਕਰੋ - ਅਸੀਂ ਕਦੀ ਵਿਸ਼ ਨਹੀਂ ਪੀਵਾਂਗੇ। ਜੋ ਹਨ ਹੀ ਵਿਕਾਰੀ ਉਹ ਤਾਂ ਕਦੀ ਵਿਕਾਰ ਨੂੰ ਛੱਡਣਗੇ ਨਹੀਂ। ਭਗਵਾਨ ਦਾ ਫ਼ਰਮਾਨ ਵੀ ਨਹੀਂ ਮੰਨਦੇ ਹਨ। ਤਾਂ ਇਹ ਕੁਮਾਰ -ਕੁਮਾਰੀਆਂ ਦੀ ਰਸਮ ਚਲੀ ਆਉਂਦੀ ਹੈ। ਹੁਣ ਤੁਸੀਂ ਸਮਝਦੇ ਹੋ ਇਹ ਤਿਉਹਾਰ ਵੀ ਸੰਗਮਯੁਗ ਦਾ ਹੈ। ਸਤਿਯੁਗ ਵਿੱਚ ਤਾਂ ਹੈ ਹੀ ਸਭ ਪਵਿੱਤਰ। ਉੱਥੇ ਰਾਖੀ ਬਣਨ ਦੀ ਲੋੜ ਹੀ ਨਹੀਂ। ਇਵੇਂ ਨਹੀਂ ਕਿ ਇਹ ਸਤਿਯੁਗ ਤੋਂ ਲੈਕੇ ਰਿਵਾਜ਼ ਚੱਲਿਆ ਆਇਆ ਹੈ। ਉਤਸਵ ਬਹੁਤ ਕਰਕੇ ਸੰਗਮਯੁਗ ਦੇ ਹਨ। ਲਕਸ਼ਮੀ - ਨਾਰਾਇਣ ਦਾ ਉਤਸਵ ਵੀ ਹੁਣ ਮਨਾਉਂਦੇ ਹਨ ਪਰ ਉਹਨਾਂ ਦਾ ਮਹੱਤਵ ਨਹੀਂ। ਸ਼੍ਰੀਕ੍ਰਿਸ਼ਨ ਜਯੰਤੀ ਮਨਾਉਂਦੇ ਹਨ ਪਰ ਪਹਿਲੇ ਤਾਂ ਸ਼੍ਰੀਕ੍ਰਿਸ਼ਨ ਨੂੰ ਇਵੇਂ ਕਿਸਨੇ ਬਣਾਇਆ - ਇਹ ਦਸੋ? ਵਿਚਾਰਿਆਂ ਨੂੰ ਪਤਾ ਹੀ ਨਹੀਂ। ਇਹ ਵੀ ਕਲੀਅਰ ਕਰਕੇ ਲਿਖਣਾ ਹੈ। ਉਤਸਵ ਸਭ ਹਨ ਇਸ ਸਮੇਂ ਦੇ। ਸਤਿਯੁਗ ਵਿੱਚ ਅਜਿਹੀਆਂ ਗੱਲਾਂ ਹੁੰਦੀਆਂ ਨਹੀਂ। ਇਹ ਤਾਂ ਦਵਾਪਰ ਵਿੱਚ ਕੁਝ ਸਮੇਂ ਬਾਅਦ ਫਿਰ ਸ਼ੁਰੂ ਹੁੰਦੇ ਹਨ। ਦੀਪਮਾਲਾ ਦਾ ਉਤਸਵ ਵੀ ਸਤਿਯੁਗ ਵਿੱਚ ਨਹੀਂ ਮਨਾਇਆ ਜਾਂਦਾ, ਜਿਵੇਂ ਇੱਥੇ ਮਨਾਉਂਦੇ ਹਨ। ਇੱਥੇ ਮਨਾਉਣ ਦਾ ਅਰਥ ਦੂਸਰਾ ਹੈ। ਉਤਸਵ ਦਾ ਮਹੱਤਵ ਕਦੋਂ ਦਾ ਹੈ - ਇਹ ਸਮਝਣ ਦੀਆਂ ਗੱਲਾਂ ਹਨ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ - ਇਹ ਉਤਸਵ ਇਸ ਸਮੇਂ ਦੇ ਹਨ ਜਦੋਂਕਿ ਸ਼ਿਵ ਜਯੰਤੀ ਹੁੰਦੀ ਹੈ। ਸ਼ਿਵ ਜਯੰਤੀ ਦੇ ਬਾਅਦ ਫਿਰ ਹੁੰਦੀ ਹੈ ਰਾਖੀ। ਪਵਿੱਤਰ ਬਣਨ ਦੀ ਪ੍ਰਤਿਗਿਆ ਕਰਦੇ ਹਨ ਕਿ ਇਹ ਅੰਤਿਮ ਜਨਮ ਅਸੀਂ ਪਵਿੱਤਰ ਬਣਾਂਗੇ - ਭਾਰਤ ਨੂੰ ਅਤੇ ਵਿਸ਼ਵ ਨੂੰ ਪਵਿੱਤਰ ਬਣਾਉਣ ਦੇ ਲਈ।

ਤੁਸੀਂ ਬੱਚਿਆਂ ਦੇ ਲਈ ਇਸ ਰਕਸ਼ਾਬੰਧਨ ਦਾ ਬੜਾ ਮਹੱਤਵ ਹੈ। ਪ੍ਰਤਿਗਿਆ ਕੀਤੀ ਜਾਂਦੀ ਹੈ - ਅਸੀਂ ਕਦੀ ਪਤਿਤ ਨਹੀਂ ਬਣਾਂਗੇ। ਹੁਣ ਤੁਸੀਂ ਪਾਵਨ ਬਣਦੇ ਹੋ ਤਾਂ ਸਿਰਫ ਤੁਸੀਂ ਪਾਵਨ ਕੁਮਾਰੀਆਂ ਨੂੰ ਹੀ ਹੱਕ ਹੈ ਰਾਖੀ ਬੰਨ੍ਹਣ ਦਾ। ਭਰਾਵਾਂ ਨੂੰ ਸਦੈਵ ਪਵਿੱਤਰ ਰਹਿਣ ਦੇ ਲਈ ਰਾਖੀ ਬੰਨਨੀ ਹੈ ਅਤੇ ਇਹਨਾਂ ਗ੍ਰਿਹਸਤੀਆਂ ਤੋਂ ਪ੍ਰਤਿਗਿਆ ਕਰਾਉਣੀ ਹੈ ਪਵਿੱਤਰ ਰਹਿਣ ਦੀ। ਕਹਿੰਦੇ ਹਨ ਨਾ - ਪਤਿਤ ਪਾਵਨ ਆਓ। ਤਾਂ ਜੋ ਗਾਇਨ ਹੈ ਉਹ ਹੀ ਪ੍ਰਤਿਗਿਆ ਕਰਾਉਂਦੇ ਹਨ - ਪਤਿਤ ਤੋਂ ਪਾਵਨ ਬਣੋ। ਬਾਪ ਆਕੇ ਪ੍ਰਤਿਗਿਆ ਕਰਾਉਂਦੇ ਹਨ। ਸ਼ਿਵ ਜਯੰਤੀ ਦੇ ਬਾਅਦ ਹੈ ਰਕਸ਼ਾਬੰਧਨ। ਹੋਲੀ ਵੀ ਗਿਆਨ ਦੀ ਹੈ। ਧੁਰਿਆ ਅਤੇ ਹੋਲੀ - ਦੋਵੇਂ ਇਸ ਸਮੇਂ ਦੇ ਹਨ। ਹੋਲੀ ਮਤਲਬ ਪਵਿੱਤਰ ਬਣੋ, ਧੁਰਿਆ ਮਤਲਬ ਗਿਆਨ ਧਾਰਨ ਕਰੋ। ਉਹ ਫਿਰ ਪੱਥਰ ਠੀਕਰ, ਗੋਬਰ ਆਦਿ - ਆਦਿ ਬਣਾਕੇ ਕੀ - ਕੀ ਕਰਦੇ ਹਨ! ਤਾਂ ਪਤਿਤ - ਪਵਨ ਬਾਪ ਹੀ ਆਕੇ ਬੱਚਿਆਂ ਨੂੰ ਸਮਝਾਉਂਦੇ ਹਨ।

ਜੋ ਜਿਉਂਦੇ ਜੀ ਮਰਦੇ ਹਨ ਉਹਨਾਂ ਵਿੱਚ ਵੀ ਮਾਤੇਲੇ ਅਤੇ ਸੌਤੇਲੇ ਹੁੰਦੇ ਹਨ। ਮਾਤੇਲੇ ਦਾ ਹਿਸਾਬ - ਕਿਤਾਬ ਜਰੂਰ ਬਾਪ ਦੇ ਕੋਲ ਹੋਵੇਗਾ। ਬਾਪ ਜਰੂਰ ਬੱਚਿਆਂ ਦੀ ਸਭ ਕਾਰੋਬਾਰ, ਮਲਕੀਅਤ ਆਦਿ ਨੂੰ ਜਾਣਦੇ ਹੋਣਗੇ। ਮਾਤੇਲੇ ਉਹ ਹਨ ਜਿਨ੍ਹਾਂ ਦਾ ਬਾਪ ਨਾਲ ਪੂਰਾ ਲਵ ਰਹਿੰਦਾ ਹੈ। ਮਾਤੇਲੇ ਵੀ ਨਬਰਵਾਰ ਹੁੰਦੇ ਹਨ। ਸੌਤੇਲੇ ਵੀ ਨੰਬਰਵਾਰ ਹਨ। ਕਈ ਕਪੂਤ ਤਾਂ ਕਈ ਸਪੂਤ ਤਾਂ ਹੁੰਦੇ ਹੀ ਹਨ। ਸ਼ਿਵ ਜਯੰਤੀ ਵੀ ਸੰਗਮਯੁਗ ਤੇ ਹੁੰਦੀ ਹੈ। ਸੰਗਮ ਨੂੰ ਵੀ ਟਾਇਮ ਦੇਣਾ ਚਾਹੀਦਾ ਹੈ। ਜਿਵੇਂ ਲੀਪ ਮਹੀਨਾ ਕਹਿੰਦੇ ਹਨ ਫਿਰ ਲੀਪ ਸੈਂਚੁਰੀ 100 ਵਰ੍ਹੇ ਦੀ। ਇਹ ਬਹੁਤ ਉੱਚੀ ਹੈ ਲੀਪ ਸਦੀ 20 ਵੀਂ ਸਦੀ ਕਹਿੰਦੇ ਹਨ ਨਾ। ਇਸ ਵਿੱਚ ਵੀ ਇਹ ਸਦੀ, ਜਿਸ ਵਿੱਚ ਬਾਪ ਆਉਂਦੇ ਹਨ, ਇਸਨੂੰ ਸੰਗਮ ਸੈਂਚੁਰੀ ਕਹਾਂਗੇ। ਉਥਲ - ਪੁਥਲ ਹੋਣ ਵਿੱਚ ਟਾਇਮ ਲਗਦਾ ਹੈ। ਦੀਪਮਾਲਾ ਵੀ ਇੱਥੇ ਦੀ ਹੈ। ਤੁਸੀਂ ਬੱਚੇ ਜਾਣਦੇ ਹੋ ਸ਼ਿਵ ਜਯੰਤੀ ਦੇ ਬਾਅਦ ਫਿਰ ਹੈ ਪਵਿੱਤਰਤਾ ਦੀ ਗੱਲ। ਸ਼ੁਰੂ ਤੋਂ ਲੈਕੇ ਪਵਿੱਤਰਤਾ ਤੇ ਝਗੜਾ ਚਲਿਆ ਆਇਆ ਹੈ। ਪਵਿੱਤਰਤਾ ਦੇ ਨਾਲ ਗਿਆਨ ਅਤੇ ਯੋਗ ਦੀ ਹੋਲੀ -ਧੁਰਿਆ ਨਾਲ - ਨਾਲ ਹਨ। ਬਾਪ ਦੀ ਯਾਦ ਵੀ ਚੰਗੀ ਤਰ੍ਹਾਂ ਚਾਹੀਦੀ ਹੈ। ਗਿਆਨ ਦਾ ਧੁਰਿਆ ਵੀ ਚੱਲਦਾ ਰਹਿੰਦਾ ਹੈ। ਗਿਆਨ ਬਰਸਾਤ ਤੁਹਾਡੇ ਤੇ ਹੁੰਦੀ ਹੀ ਰਹੇਗੀ। ਪਵਿੱਤਰਤਾ ਤੇ ਹੀ ਝਗੜਾ ਚੱਲਦਾ ਹੈ। ਸਭ ਕਹਿੰਦੇ ਹਨ ਇਹ ਕੌਣ ਆਇਆ ਹੈ ਜੋ ਕਹਿੰਦੇ ਹਨ ਘਰ - ਗ੍ਰਹਿਸਤ ਵਿੱਚ ਰਹਿੰਦੇ ਪਵਿੱਤਰ ਰਹਿਕੇ ਦਿਖਾਓ। ਸੰਨਿਆਸੀ ਤੇ ਖੁਦ ਘਰਬਾਰ ਛੱਡ ਜਾਂਦੇ ਹਨ। ਗੋਪੀਚੰਦ ਰਾਜਾ ਦੀ ਵੀ ਕਹਾਣੀ ਹੈ। ਉਸਤੋਂ ਪੁੱਛਿਆ ਗਿਆ - ਤੁਸੀਂ ਰਾਜ - ਭਾਗ ਕਿਉਂ ਛੱਡਿਆ? ਬੋਲਿਆ - ਪ੍ਰਭੂ ਮਿਲਣ ਦੇ ਲਈ ਛੱਡਿਆ ਹੈ। ਇਸ ਤੇ ਗੀਤ ਵੀ ਚੰਗੇ - ਚੰਗੇ ਗਾਉਂਦੇ ਹਨ। ਇੱਥੇ ਤੇ ਗ੍ਰਹਿਸਤ ਵਿਵਹਾਰ ਵਿੱਚ ਰਹਿਕੇ ਪਵਿੱਤਰ ਰਹਿਣਾ ਹੈ। ਪਵਿੱਤਰਤਾ ਤੇ ਹੀ ਸਾਰੀ ਖਿਟਪਿਟ ਹੁੰਦੀ ਹੈ।

ਹੁਣ ਰਕਸ਼ਾਬੰਧਨ ਹੈ ਪਵਿੱਤਰ ਬਣਨ - ਬਣਾਉਣ ਦਾ ਯਾਦਗਾਰ ਪਰਵ। ਇੱਥੇ ਦੇਖੋ, ਛੋਟੇ - ਛੋਟੇ ਬੱਚਿਆਂ ਨੂੰ ਵੀ ਸਾਖ਼ਸ਼ਾਤਕਾਰ ਹੁੰਦੇ ਹਨ। ਹੁਣ ਛੋਟੇ ਬੱਚਿਆਂ ਨੇ ਕੀ ਭਗਤੀ ਕੀਤੀ? ਬਾਬਾ ਨੇ ਝੱਟ ਸਭਨੂੰ ਸਾਖ਼ਸ਼ਾਤਕਾਰ ਕਰਵਾ ਦਿੱਤਾ, ਤਾਂ ਸਮਝਦੇ ਸਨ ਜਾਦੂ ਹੈ। ਇਸਨੂੰ ਕਿਹਾ ਜਾਂਦਾ ਹੈ - ਸ਼ਿਵਬਾਬਾ ਦਾ ਚਰਿੱਤ੍ਰ। ਬੈਠੇ - ਬੈਠੇ ਤੁਸੀਂ ਗੁੰਮ ਹੋ ਜਾਂਦੇ ਸੀ - ਇਹ ਵੀ ਡਰਾਮਾ ਹੀ ਕਹਾਂਗੇ। ਇੱਕ - ਦੋ ਨੂੰ ਦੇਖਿਆ ਅਤੇ ਧਿਆਨ ਵਿੱਚ ਚਲੇ ਗਏ। ਇਹ ਸਭ ਚਰਿਤ੍ਰ ਪਰਮਪਿਤਾ ਪਰਮਾਤਮਾ ਦੇ ਹਨ, ਸ਼੍ਰੀਕ੍ਰਿਸ਼ਨ ਦੇ ਨਹੀਂ। ਸ਼੍ਰੀ ਕ੍ਰਿਸ਼ਨ ਦਾ ਨਾਮ ਲੈਕੇ ਸਾਰੀ ਬਦਨਾਮੀ ਕੀਤੀ ਹੈ। ਭਗਵਤ ਵਿੱਚ ਤੇ ਕੀ - ਕੀ ਲਿੱਖ ਦਿਤਾ ਹੈ। ਸ਼੍ਰੀਕ੍ਰਿਸ਼ਨ ਸਤਿਯੁਗ ਦਾ ਪ੍ਰਿੰਸ ਉਸਨੇ ਚੀਰ ਹਰੇ... ਇਹ ਕੀਤਾ... ਅਜਿਹੇ ਚਰਿੱਤ੍ਰ ਤਾਂ ਗਾਏ ਨਹੀਂ ਜਾਂਦੇ। ਦੁਨੀਆਂ ਵਾਲੇ ਸਮਝਦੇ ਹਨ ਬਰੋਬਰ ਸ਼੍ਰੀ ਕ੍ਰਿਸ਼ਨ ਨੇ ਇਹ ਸਭ ਕੀਤਾ ਹੋਵੇਗਾ। ਫਿਰ ਕਹਿੰਦੇ ਹਨ ਕਿ ਸ਼੍ਰੀ ਕ੍ਰਿਸ਼ਨ ਦੇ ਸ਼ਰੀਰ ਵਿੱਚ ਆਤਮਾ ਆਈ ਹੋਵੇਗੀ, ਜਿਸਨੇ ਗਿਆਨ ਸੁਣਾਇਆ ਹੋਵੇਗਾ। ਪਰ ਇਵੇਂ ਤਾਂ ਹੋ ਨਹੀਂ ਸਕਦਾ। ਉਹ ਤਾਂ ਪ੍ਰਿੰਸ ਨਾਮੀਗ੍ਰਾਮੀ ਸੀ ਫਿਰ ਰੱਥ ਦਿਖਾਉਂਦੇ ਹਨ। ਰੱਥ ਵਿੱਚ ਸ਼੍ਰੀਕ੍ਰਿਸ਼ਨ ਦਿਖਾਉਂਦੇ ਹਨ। ਘੋੜੇ ਗੱਡੀ ਤੇ ਬੈਠ ਪਾਠਸ਼ਾਲਾ ਚਲਾਈ ਜਾਂਦੀ ਹੈ ਕੀ? ਇਹ ਹੈ ਰਾਜਯੋਗ ਦੀ ਪਾਠਸ਼ਾਲਾ। ਕਿੱਥੇ ਉਹਨਾਂ ਨੇ ਯੁੱਧ ਦਾ ਮੈਦਾਨ ਦਿਖਾਇਆ ਹੈ ਅਤੇ ਕਿੱਥੇ ਤੁਹਾਡੀ ਇਹ ਯੁੱਧ! ਇਹ ਹੈ ਮਾਇਆ ਤੇ ਜਿੱਤ ਪਾਉਣ ਦੀ ਯੁੱਧ। ਤਾਂ ਤੁਸੀਂ ਬੱਚਿਆਂ ਨੂੰ ਰਕਸ਼ਾਬੰਧਨ ਤੇ ਸਮਝਾਉਣਾ ਹੈ। ਰਕਸ਼ਾਬੰਧਨ ਮਤਲਬ ਪਤਿਤਾਂ ਨੂੰ ਪਾਵਨ ਬਣਾਉਣ ਦੇ ਲਈ ਖੁਦ ਪਰਮਪਿਤਾ ਪਰਮਾਤਮਾ ਆਏ ਹਨ। ਤੁਸੀਂ ਬ੍ਰਹਮਾਕੁਮਾਰੀਆਂ ਹੋ ਜੋ ਗਾਈ ਹੋਈ ਹੋ। ਕੁਮਾਰੀ ਉਹ ਜੋ 21 ਕੁਲ ਦਾ ਉੱਧਾਰ ਕਰੇ। ਸੰਗਮ ਦੀ ਹੀ ਗੱਲ ਹੈ। ਫਿਰ ਇਹ ਉਤਸਵ ਸਤਿਯੁਗ ਆਦਿ ਵਿੱਚ ਨਹੀਂ ਚੱਲਦਾ। ਰਕਸ਼ਾ ਬੰਧੰਨ ਦੇ ਬਾਦ ਫਿਰ ਹੈ ਸ਼੍ਰੀਕ੍ਰਿਸ਼ਨ ਜਯੰਤੀ ਕਿਉਂਕਿ ਸਤਿਯੁਗ ਵਿੱਚ ਪਹਿਲਾ ਨੰਬਰ ਜਨਮ ਹੈ ਸ਼੍ਰੀਕ੍ਰਿਸ਼ਨ ਦਾ। ਉਹਨਾਂ ਦੀ ਰਾਜਧਾਨੀ ਹੈ। ਉਹ ਇਸ ਸਮੇਂ ਪ੍ਰਤਿਗਿਆ ਕਰਦੇ ਹਨ - ਸ਼੍ਰੀਕ੍ਰਿਸ਼ਨ ਦੇ ਕੁਲ ਵਿੱਚ ਜਾਣ ਦੇ ਲਈ। ਇਹ ਰਾਜਯੋਗ ਹੈ। ਤੁਸੀਂ ਨਰ ਤੋਂ ਨਾਰਾਇਣ ਬਣਦੇ ਹੋ। ਲਕਸ਼ਮੀ - ਨਾਰਾਇਣ ਦੀ ਜੀਵਨ ਕਹਾਣੀ ਹੈ ਨਹੀਂ। ਬਾਪ ਨੇ ਸਮਝਾਇਆ ਹੈ ਰਾਧੇ- ਕ੍ਰਿਸ਼ਨ ਸੋ ਲਕਸ਼ਮੀ - ਨਾਰਾਇਣ ਦੀ ਜੀਵਨ ਕਹਾਣੀ। ਸ਼੍ਰੀਕ੍ਰਿਸ਼ਨ ਦਾ ਜਨਮ ਦਿਨ ਮਨਾਉਂਦੇ ਹਨ। ਅੱਛਾ, ਨਾਰਾਇਣ ਜਯੰਤੀ ਕਿੱਥੇ? ਕਾਰਣ ਹੋਵੇਗਾ ਨਾ। ਨਾ ਸਮਝਣ ਕਾਰਣ ਸਾਰਾ ਖੇਡ ਹੀ ਮੂੰਝਾ ਦਿੱਤਾ ਹੈ। ਮਹੱਤਵ ਸਾਰਾ ਇਥੋਂ ਦਾ ਹੈ। ਇਵੇਂ ਵੀ ਨਾ ਸਮਝੋ ਕਿ ਦੀਪਮਾਲਾ ਕੋਈ ਸਤਿਯੁਗ ਵਿੱਚ ਸ਼ੁਰੂ ਹੁੰਦੀ ਹੈ। ਸਤਿਯੁਗ ਵਿੱਚ ਤੇ ਹੈ ਹੀ ਪਵਿੱਤਰ ਦੁਨੀਆ। ਸਭ ਦੀਆਂ ਆਤਮਾਵਾਂ ਜਗੀਆਂ ਹੋਈਆ ਹਨ। ਉਤਸਵ ਸਭ ਇਸ ਸਮੇਂ ਦੇ ਹਨ। ਹੁਣ ਤੁਸੀਂ ਸਭਦੀ ਬਾਓਗ੍ਰਾਫ਼ੀ ਨੂੰ ਜਾਣਦੇ ਹੋ। ਸ਼ਿਵਬਾਬਾ ਖੁਦ ਆਕੇ ਬੱਚਿਆਂ ਨੂੰ ਕਹਿੰਦੇ ਹਨ ਕਿ ਹੁਣ ਪਵਿੱਤਰ ਬਣੋ। ਤੁਸੀਂ ਆਤਮਾਵਾਂ ਮੈਲੀਆਂ ਹੋ ਗਈਆਂ ਹੋ। ਸੰਨਿਆਸੀ ਤਾਂ ਕਹਿੰਦੇ ਹਨ ਆਤਮਾ ਨਿਰਲੇਪ ਹੈ ਇਸਲਈ ਬਹੁਤ ਲੋਕ ਕਹਿ ਦਿੰਦੇ ਹਨ। ਅੰਡਾ ਮੱਛਲੀ ਆਦਿ ਖਾਣ ਵਿੱਚ ਕੋਈ ਹਰਜ਼ਾ ਨਹੀਂ ਹੈ। ਸਭਦੀ ਆਪਣੀ - ਆਪਣੀ ਰਸਮ - ਰਿਵਾਜ਼ ਹੈ ਨਾ। ਅੱਗੇ ਕਾਲੀ ਤੇ ਮਨੁੱਖਾਂ ਦੀ ਬਲੀ ਚੜਾਉਂਦੇ ਸਨ। ਸ਼ਿਵ ਨੂੰ ਤੇ ਕਾਲਾ ਨਹੀਂ ਕਹਾਂਗੇ, ਨਾਂ ਸ਼ੰਕਰ ਨੂੰ ਕਹਾਂਗੇ। ਹਾਂ, ਬ੍ਰਹਮਾ ਅਤੇ ਵਿਸ਼ਨੂੰ ਦੇ ਦੋ ਰੂਪ ਗੋਰੇ ਤੋਂ ਕਾਲੇ ਬਣਦੇ ਹਨ। ਇਹ ਸਭ ਬਾਪ ਬੈਠ ਸਮਝਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਨਾਲ ਪੂਰਾ - ਪੂਰਾ ਲਵ ਰੱਖ ਮਾਤੇਲੇ ਬਣਨਾ ਹੈ। ਆਪਣਾ ਪੂਰਾ ਸਮਾਚਾਰ ਬਾਪ ਨੂੰ ਦੇਣਾ ਹੈ। ਕਦੀ ਵੀ ਕਪੂਤ ਨਹੀਂ ਬਣਨਾ ਹੈ।

2. ਰਕਸ਼ਾ ਬੰਧੰਨ ਦਾ ਅਸਲ ਰਹੱਸ ਬੁੱਧੀ ਵਿੱਚ ਰੱਖ ਪਵਿੱਤਰ ਜ਼ਰੂਰ ਬਣਨਾ ਹੈ। ਮਾਇਆ ਤੋਂ ਕਦੀ ਹਾਰ ਨਹੀਂ ਖਾਣੀ ਹੈ। ਪਵਿੱਤਰਤਾ ਦੇ ਬਲ ਨਾਲ ਸਵਰਾਜ ਲੈਣ ਦੀ ਪ੍ਰਤਿਗਿਆ ਕਰਨੀ ਹੈ।

ਵਰਦਾਨ:- ਸਦਾ ਮਿਲਣ ਦੇ ਝੂਲੇ ਵਿੱਚ ਝੂਲਣ ਵਾਲੇ ਤੱਤ ਤੱਤਮ ਦੇ ਵਰਦਾਨੀ ਬਾਪ ਸਮਾਨ ਭਵ

ਜਿਵੇਂ ਬਾਪਦਾਦਾ ਤੁਸੀਂ ਮਾਲਿਕਾਂ ਦੀ ਆਗਿਆ ਨੂੰ ਮੰਨਕੇ ਮਿਲਣ ਮਨਾਉਣ ਦੇ ਲਈ ਆਉਂਦੇ ਹਨ, ਜੀ ਹਾਜ਼ਿਰ ਦਾ ਪਾਠ ਪੜਕੇ ਹਾਜ਼ਿਰ ਹੋ ਜਾਂਦੇ ਹਨ ਇਵੇਂ ਹੀ ਤੱਤ ਤਵਮ। ਅੰਮ੍ਰਿਤਵੇਲੇ ਤੋਂ ਲੈਕੇ ਦਿਨ ਦੇ ਸਮਾਪਤੀ ਤੱਕ ਧਰਮ ਅਤੇ ਕਰਮ ਵਿੱਚ ਬਾਪ ਸਮਾਨ ਬਣੋ ਤਾਂ ਸਦਾ ਮਿਲਣ ਦੇ ਝੂਲੇ ਵਿੱਚ ਝੂਲਦੇ ਰਹੋਂਗੇ। ਇਸ ਮਿਲਣ ਦੇ ਝੂਲੇ ਵਿੱਚ ਰਹਿਣ ਨਾਲ ਪ੍ਰਕ੍ਰਿਤੀ ਅਤੇ ਮਾਇਆ ਦੋਵੇਂ ਹੀ ਤੁਹਾਡੇ ਝੂਲਾ ਝੂਲਾਉਣ ਵਾਲੇ ਦਾਸੀ ਬਣ ਜਾਣਗੇ। ਸਰਵ ਖਜ਼ਾਨੇ ਤੁਹਾਡੇ ਇਸ ਸ਼੍ਰੇਸ਼ਠ ਝੂਲੇ ਦਾ ਸਿੰਗਾਰ ਬਣ ਜਾਣਗੇ।

ਸਲੋਗਨ:- ਸਦਾ ਬ੍ਰਹਮਾ ਬਾਪ ਦੀਆਂ ਬਾਹਵਾਂ ਵਿੱਚ ਸਮਾਏ ਰਹੋ ਤਾਂ ਸੇਫ਼ਟੀ ਦਾ ਅਨੁਭਵ ਕਰੋਂਗੇ।

******